**Vigilance nabs 15 employees in bribery cases during January**

(5 police personnel arrested red handed)

Chandigarh, February 14: State Vigilance Bureau, during its ongoing crusade against corruption, has been able to nab 15 employees red handed while accepting bribes in 11 different trap cases during the month of January, which includes 5 police personnel and 3 employees of revenue department.

Disclosing this, Chief Director-cum-ADGP vigilance bureau Punjab B.K. Uppal said the VB has put up its best efforts to eradicate corruption amongst public servants and others in every sphere during the period. In this direction, the vigilance officers have ensured that suspect did not escape judicial punishment in the various courts in the State, he added.

He said the Bureau has submitted challans pertaining to 12 vigilance cases in various special courts in the last month. Apart from this, one vigilance enquiry has also been registered to thoroughly probe the corruption cases against public servants.

Giving more details, he informed that special courts have decided two bribery cases filed and contested by the Bureau during last month, in which six accused namely Sarabdial Singh, Personnel Assistant to former Punjab Minister Gulzar Singh Ranike, Amrik Singh, Dalip Singh, Ninder Singh Sarpanch, Mohit Sarin and Maninder SIngh both bank employees, were convicted and sentenced with imprisonments ranging from 6 years to 4 years and fine from Rs. 2,30,000/- to Rs. 30,000 by the Additional Sessions Judge, Amritsar.

Similarly, in another case, Sukhdev Singh, Patwari posted in Taran Taran district was convicted and sentenced with 3 and 4 Years imprisonments under two different sections of PC Act and fine of Rs. 5,000/- by the Additional Session Judge, Taran Taran.

------------------

ਵਿਜੀਲੈਂਸ ਬਿਊਰੋ, ਪੰਜਾਬ

**ਵਿਜੀਲੈਂਸ ਨੇ ਜਨਵਰੀ ਮਹੀਨੇ ਵੱਢੀ ਲੈਂਦੇ 15 ਕਰਮਚਾਰੀ ਕੀਤੇ ਕਾਬੂ**

5 ਪੁਲਿਸ ਮੁਲਾਜ਼ਮ ਵੀ ਰੰਗੇ ਹੱਥੀਂ ਫੜੇ

ਚੰਡੀਗੜ, 14 ਫਰਵਰੀ : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸਟਾਚਾਰ ਖਿਲਾਫ ਚੱਲ ਰਹੀ ਮੁਹਿੰਮ ਦੌਰਾਨ ਜਨਵਰੀ ਮਹੀਨੇ ਵਿੱਚ ਰਿਸ਼ਵਤ ਲੈਣ ਦੇ 11 ਵੱਖ-ਵੱਖ ਤਰਾਂ ਦੇ ਕੇਸਾਂ ਵਿੱਚ 15 ਮੁਲਾਜ਼ਮ ਗ੍ਰਿਫਤਾਰ ਕੀਤੇ ਗਏ ਜਿੰਨਾਂ ਵਿੱਚ 5 ਪੁਲਿਸ ਮੁਲਾਜ਼ਮ ਅਤੇ ਮਾਲ ਵਿਭਾਗ ਦੇ 3 ਕਰਮਚਾਰੀ ਸ਼ਾਮਲ ਹਨ।

ਇਸ ਖੁਲਾਸਾ ਕਰਦਿਆਂ ਚੀਫ ਡਾਇਰੈਕਟਰ-ਕਮ-ਏਡੀਜੀਪੀ ਵਿਜੀਲੈਂਸ ਬਿਊਰੋ ਪੰਜਾਬ ਬੀ. ਕੇ. ਉੱਪਲ ਨੇ ਦੱਸਆ ਕਿ ਬਿਓਰੋ ਵੱਲੋਂ ਸਰਕਾਰੀ ਕਰਮਚਾਰੀਆਂ ਅਤੇ ਹੋਰ ਖੇਤਰਾਂ ਵਿਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਪੂਰੀ ਕੋਸ਼ਿਸ਼ ਜਾਰੀ ਹੈ ਇਸ ਦਿਸ਼ਾ ਵਿੱਚ ਚੌਕਸੀ ਅਧਿਕਾਰੀਆਂ ਨੇ ਇਹ ਯਕੀਨੀ ਬਣਾਇਆ ਕਿ ਦੋਸ਼ੀ ਵਿਅਕਤੀ ਸੂਬੇ ਦੀਆਂ ਅਦਾਲਤਾਂ ਵਿੱਚੋਂ ਸਜਾਵਾਂ ਤੋਂ ਬਚ ਨਾ ਸਕਣ।

ਉਨਾਂ ਨੇ ਕਿਹਾ ਕਿ ਬਿਓਰੋ ਨੇ ਪਿਛਲੇ ਮਹੀਨੇ ਵੱਖ-ਵੱਖ ਵਿਸ਼ੇਸ਼ ਅਦਾਲਤਾਂ ਵਿਚ 12 ਵਿਜੀਲੈਂਸ ਕੇਸਾਂ ਨਾਲ ਸਬੰਧਤ ਚਲਾਨ ਪੇਸ਼ ਕੀਤੇ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਸਬੰਧੀ ਇੱਕ ਕੇਸ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਇੱਕ ਵਿਜੀਲੈਂਸ ਜਾਂਚ ਵੀ ਦਰਜ ਕੀਤੀ ਗਈ ਹੈ।

ਹੋਰ ਵੇਰਵੇ ਦਿੰਦਿਆਂ ਉਨਾਂ ਦੱਸਿਆ ਕਿ ਪਿਛਲੇ ਸਮਿਆਂ ਦੌਰਾਨ ਬਿਓਰੋ ਵੱਲੋਂ ਦਰਜ ਅਤੇ ਪੈਰਵੀ ਕੀਤੇ ਗਏ ਦੋ ਰਿਸ਼ਵਤਖੋਰੀ ਦੇ ਕੇਸਾਂ ਦਾ ਫੈਸਲਾ ਵਿਸ਼ੇਸ਼ ਅਦਾਲਤਾਂ ਨੇ ਕੀਤਾ ਹੈ ਜਿਸ ਵਿਚ ਛੇ ਦੋਸ਼ੀਆਂ ਸਰਬਦਿਆਲ ਸਿੰਘ, ਪੀ.ਏ. ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਅਮਰੀਕ ਸਿੰਘ, ਦਲੀਪ ਸਿੰਘ, ਨਿੰਦਰ ਸਿੰਘ ਸਰਪੰਚ, ਮੋਹਿਤ ਸਰੀਨ ਅਤੇ ਮਨਿੰਦਰ ਸਿੰਘ ਦੋਵੇਂ ਬੈਂਕ ਕਰਮਚਾਰੀ, ਨੂੰ ਦੋਸ਼ੀ ਠਹਿਰਾਉਂਦਿਆਂ ਉਨਾਂ ਨੂੰ 6 ਸਾਲ ਤੋਂ 4 ਸਾਲ ਤੱਕ ਦੀ ਕੈਦ ਅਤੇ 2,30,000 ਰੁਪਏ ਤੋਂ ਲੈ ਕੇ 30,000 ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਵਧੀਕ ਸ਼ੈਸ਼ਨ ਜੱਜ, ਅੰਮ੍ਰਿਤਸਰ ਦੁਆਰਾ ਸੁਣਾਈ ਗਈ ਹੈ।

ਇਸੇ ਤਰਾਂ ਤਰਨ ਤਾਰਨ ਜ਼ਿਲੇ ਵਿਚ ਤਾਇਨਾਤ ਸੁਖਦੇਵ ਸਿੰਘ, ਪਟਵਾਰੀ ਨੂੰ ਵਧੀਕ ਸ਼ੈਸ਼ਨ ਅਦਾਲਤ ਤਰਨ ਤਾਰਨ ਨੇ ਦੋਸ਼ੀ ਠਹਿਰਾਉਂਦਿਆਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ 3 ਅਤੇ 4 ਸਾਲ ਦੀ ਕੈਦ ਦੀ ਸਜ਼ਾ ਅਤੇ 5,000 ਰੁਪਏ ਜੁਰਮਾਨਾ ਕੀਤਾ ਗਿਆ ਹੈ।

------------